Australian Government
Services Australia

PUNJABI

# ਨਵਜੰਮੇ ਬੱਚੇ ਜਾਂ ਹਾਲ ਹੀ ਵਿੱਚ ਗੋਦ ਲਏ ਬੱਚੇ ਦੀ ਦੇਖਭਾਲ ਕਰਨ ਲਈ ਮਾਪਿਆਂ ਵਾਸਤੇ ਸਹਾਇਤਾ

ਜੇ ਤੁਸੀਂ ਨਵਜੰਮੇ ਜਾਂ ਹਾਲ ਹੀ ਵਿੱਚ ਗੋਦ ਲਏ ਬੱਚੇ ਦੀ ਦੇਖਭਾਲ ਕਰਨ ਲਈ ਕੰਮ ਤੋਂ ਛੁੱਟੀ ਲੈ ਰਹੇ ਹੋ ਤਾਂ ਅਸੀਂ ਮਦਦ ਕਰ ਸਕਦੇ ਹਾਂ।

## ਤੁਸੀਂ ਕੀ ਪ੍ਰਾਪਤ ਕਰ ਸਕਦੇ ਹੋ

Parental Leave Pay (ਮਾਪਿਆਂ ਦੀ ਛੁੱਟੀ ਵਾਲੀ ਤਨਖਾਹ) ਮਾਪਿਆਂ ਵਿਚਕਾਰ ਇਕ ਸਾਂਝੀ ਅਦਾਇਗੀ ਹੈ ਜੋ ਮਦਦ ਕਰ ਸਕਦੀ ਹੈ ਜੇ ਤੁਸੀਂ ਕਿਸੇ ਨਵਜੰਮੇ ਜਾਂ ਹਾਲ ਹੀ ਵਿੱਚ ਗੋਦ ਲਏ ਬੱਚੇ ਦੀ ਦੇਖਭਾਲ ਕਰਨ ਲਈ ਕੰਮ ਤੋਂ ਛੁੱਟੀ ਲੈ ਰਹੇ ਹੋ। ਤੁਸੀਂ ਆਪਣੀ Parental Leave Pay ਨੂੰ ਇਸ ਤਰੀਕੇ ਨਾਲ ਸਾਂਝਾ ਕਰਨ ਅਤੇ ਲੈਣ ਦੀ ਚੋਣ ਕਰ ਸਕਦੇ ਹੋ ਜੋ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਕੰਮ ਕਰਦੀ ਹੈ।

Dad and Partner Pay 1 ਜੁਲਾਈ 2023 ਤੋਂ ਪਹਿਲਾਂ ਪੈਦਾ ਹੋਏ ਜਾਂ ਗੋਦ ਲਏ ਗਏ ਬੱਚਿਆਂ ਵਾਲੇ ਲੋਕਾਂ ਲਈ ਭੁਗਤਾਨ ਸੀ। ਇਹ ਹੁਣ ਉਪਲਬਧ ਨਹੀਂ ਹੈ। ਤੁਸੀਂ ਇਸ ਦੀ ਬਜਾਏ Parental Leave Pay ਦਾ ਦਾਅਵਾ ਕਰ ਸਕਦੇ ਹੋ।

ਜ਼ਿਆਦਾਤਰ ਲੋਕ ਆਪਣੇ ਬੱਚੇ ਦੀ ਜਨਮ ਤਰੀਕ ਜਾਂ ਗੋਦ ਲੈਣ ਦੀ ਉਮੀਦ ਕੀਤੀ ਜਾਂਦੀ ਤਰੀਕ ਤੋਂ 3 ਮਹੀਨੇ ਪਹਿਲਾਂ ਤੱਕ ਦਾਅਵਾ ਕਰ ਸਕਦੇ ਹਨ। ਅਸੀਂ ਤੁਹਾਨੂੰ ਉਦੋਂ ਤੱਕ ਭੁਗਤਾਨ ਨਹੀਂ ਕਰਾਂਗੇ ਜਦੋਂ ਤੱਕ ਤੁਹਾਡਾ ਬੱਚਾ ਪੈਦਾ ਨਹੀਂ ਹੁੰਦਾ ਜਾਂ ਤੁਹਾਡੀ ਦੇਖਭਾਲ ਵਿੱਚ ਨਹੀਂ ਆਉਂਦਾ।

## Parental Leave Pay ਕੌਣ ਪ੍ਰਾਪਤ ਕਰ ਸਕਦਾ ਹੈ

Parental Leave Pay ਪ੍ਰਾਪਤ ਕਰਨ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਨਵਜੰਮੇ ਬੱਚੇ ਜਾਂ ਗੋਦ ਲਏ ਬੱਚੇ ਦੀ ਦੇਖਭਾਲ ਕਰਦੇ ਹੋਣਾ ਚਾਹੀਦਾ ਹੈ ਅਤੇ ਹੇਠ ਲਿਖਿਆਂ ਵਿੱਚੋਂ ਇਕ ਹੋਣਾ ਚਾਹੀਦਾ ਹੈ:

- ਨਵਜੰਮੇ ਬੱਚੇ ਦੀ ਜਨਮ ਦੇਣ ਵਾਲੀ ਮਾਂ
- ਜਨਮ ਦੇਣ ਵਾਲੀ ਮਾਂ ਦਾ ਸਾਥੀ/ਸਾਥਣ
- ਬੱਚੇ ਦਾ ਜੈਵਿਕ ਪਿਤਾ
- ਬੱਚੇ ਦੇ ਜੈਵਿਕ ਪਿਤਾ ਦਾ ਸਾਥੀ/ਸਾਥਣ
- ਬੱਚੇ ਨੂੰ ਗੋਦ ਲੈਣ ਵਾਲਾ ਮਾਪਾ
- ਗੋਦ ਲੈਣ ਵਾਲੇ ਮਾਪੇ ਦਾ ਸਾਥੀ/ਸਾਥਣ
- ਵਿਸ਼ੇਸ਼ ਹਾਲਾਤਾਂ ਵਿੱਚ ਕਿਸੇ ਬੱਚੇ ਦੀ ਦੇਖਭਾਲ ਕਰਨ ਵਾਲਾ ਵਿਅਕਤੀ, ਜਿਸ ਵਿੱਚ ਕਿਸੇ ਦੂਸਰੇ ਦੀ ਕੁੱਖ (ਸਰੋਗੇਸੀ) ਵਾਲੇ ਇੰਤਜ਼ਾਮ ਤੋਂ ਪੈਦਾ ਹੋਏ ਬੱਚੇ ਦੀ ਦੇਖਭਾਲ ਕਰਨਾ ਵੀ ਸ਼ਾਮਲ ਹੈ।

ਤੁਹਾਨੂੰ ਹੇਠ ਲਿਖੀਆਂ ਸਾਰੀਆਂ ਚੀਜ਼ਾਂ ਨੂੰ ਪੂਰਾ ਕਰਨ ਦੀ ਵੀ ਲੋੜ ਹੈ:

- ਆਮਦਨ ਟੈਸਟ
- ਕੰਮ ਦਾ ਟੈਸਟ
- ਨਿਵਾਸ ਦੇ ਨਿਯਮ।

ਜੇ ਤੁਹਾਡਾ ਨਵ-ਜੰਮਿਆ ਬੱਚਾ ਹੈ, ਤਾਂ ਤੁਹਾਡੇ ਵਾਸਤੇ ਉਹਨਾਂ ਦੇ ਜਨਮ ਨੂੰ ਆਪਣੇ ਪ੍ਰਾਂਤ ਜਾਂ ਕੇਂਦਰੀ ਪ੍ਰਦੇਸ਼ ਦੀ ਜਨਮ ਰਜਿਸਟਰੀ ਕੋਲ ਪੰਜੀਕਰਨ ਕੀਤਾ ਹੋਣਾ ਲਾਜ਼ਮੀ ਹੈ ਜਾਂ ਪੰਜੀਕਿਰਤ ਕਰਨ ਲਈ ਅਰਜ਼ੀ ਦਿੱਤੀ ਹੋਣੀ ਚਾਹੀਦੀ ਹੈ।

## ਤੁਸੀਂ ਕਿੰਨੀ Parental Leave Pay ਪ੍ਰਾਪਤ ਕਰ ਸਕਦੇ ਹੋ

ਤੁਹਾਡੇ ਪਰਿਵਾਰ ਨੂੰ ਕਿੰਨੇ Parental Leave Pay ਦੇ ਦਿਨ ਮਿਲਣਗੇ ਇਹ ਤੁਹਾਡੇ ਬੱਚੇ ਦੀ ਜਨਮ ਤਰੀਕ ਜਾਂ ਗੋਦ ਲੈਣ ਦੀ ਤਰੀਕ 'ਤੇ ਨਿਰਭਰ ਕਰਦਾ ਹੈ।

Parental Leave Pay ਦੇ ਦਿਨਾਂ ਦੀ ਪੂਰੀ ਗਿਣਤੀ ਪ੍ਰਾਪਤ ਕਰਨ ਲਈ, ਦੋਵਾਂ ਮਾਪਿਆਂ ਨੂੰ ਦਾਅਵਾ ਕਰਨ ਅਤੇ ਯੋਗ ਹੋਣ ਦੀ ਲੋੜ ਹੈ

| ਬੱਚੇ ਦੀ ਜਨਮ ਤਰੀਕ ਜਾਂ ਗੋਦ ਲੈਣ ਦੀ ਤਰੀਕ ਇਸ ਤੋਂ ਬਾਅਦ ਹੈ | ਤੁਹਾਡਾ ਪਰਿਵਾਰ ਇਸ ਤੱਕ ਲੈ ਸਕਦਾ ਹੈ |
|---|---|
| 1 ਜੁਲਾਈ 2023 | 100 ਦਿਨ, ਜਾਂ 5 ਦਿਨਾਂ ਦੇ ਕੰਮ ਦੇ ਹਫ਼ਤੇ ਦੇ ਅਧਾਰ 'ਤੇ 20 ਹਫ਼ਤੇ |
| 1 ਜੁਲਾਈ 2024 | 110 ਦਿਨ, ਜਾਂ 5 ਦਿਨਾਂ ਦੇ ਕੰਮ ਦੇ ਹਫ਼ਤੇ ਦੇ ਅਧਾਰ 'ਤੇ 22 ਹਫ਼ਤੇ |
| 1 ਜੁਲਾਈ 2025 | 120 ਦਿਨ, ਜਾਂ 5 ਦਿਨਾਂ ਦੇ ਕੰਮ ਦੇ ਹਫ਼ਤੇ ਦੇ ਅਧਾਰ 'ਤੇ 24 ਹਫ਼ਤੇ |
| 1 ਜੁਲਾਈ 2026 | 130 ਦਿਨ, ਜਾਂ 5 ਦਿਨਾਂ ਦੇ ਕੰਮ ਦੇ ਹਫ਼ਤੇ ਦੇ ਅਧਾਰ 'ਤੇ 26 ਹਫ਼ਤੇ |

ਤੁਸੀਂ ਆਪਣੀ ਕੁਝ ਜਾਂ ਸਾਰੀ Parental Leave Pay ਨੂੰ ਕਿਸੇ ਹੋਰ ਮਾਪੇ ਨਾਲ ਸਾਂਝਾ ਕਰ ਸਕਦੇ ਹੋ, ਜਦੋਂ ਤੱਕ ਤੁਸੀਂ ਦੋਵੇਂ ਯੋਗ ਹੋ।

ਜੇ ਤੁਹਾਡਾ ਕੋਈ ਸਾਥੀ/ਸਾਥਣ ਹੈ, ਤਾਂ ਕੁਝ ਦਿਨ ਤੁਹਾਡੇ ਵਿੱਚੋਂ ਹਰੇਕ ਲਈ ਵਰਤਣ ਲਈ ਰਾਖਵੇਂ ਰੱਖੇ ਜਾਣਗੇ। ਤੁਹਾਡੇ ਕੋਲ ਕਿੰਨੇ ਦਿਨ ਰਾਖਵੇਂ ਹਨ ਇਹ ਤੁਹਾਡੇ ਬੱਚੇ ਦੀ ਜਨਮ ਤਰੀਕ ਜਾਂ ਗੋਦ ਲੈਣ ਦੀ ਤਰੀਕ 'ਤੇ ਨਿਰਭਰ ਕਰਦਾ ਹੈ।

| ਬੱਚੇ ਦੀ ਜਨਮ ਮਿਤੀ ਜਾਂ ਗੋਦ ਲੈਣ ਦੀ ਤਰੀਕ ਇਸ ਤੋਂ ਬਾਅਦ ਹੈ | ਤੁਹਾਡੇ ਵਿੱਚੋਂ ਹਰੇਕ ਲਈ ਰਾਖਵੇਂ ਦਿਨਾਂ ਦੀ ਗਿਣਤੀ ਹੈ |
|---|---|
| 1 ਜੁਲਾਈ 2023 | 10 ਦਿਨ |
| 1 ਜੁਲਾਈ 2024 | 10 ਦਿਨ |
| 1 ਜੁਲਾਈ 2025 | 15 ਦਿਨ |
| 1 ਜੁਲਾਈ 2026 | 20 ਦਿਨ |

ਤੁਹਾਨੂੰ ਇਹ ਫ਼ੈਸਲਾ ਕਰਨ ਦੀ ਲੋੜ ਹੋਵੇਗੀ ਕਿ ਬਾਕੀ ਦਿਨਾਂ ਨੂੰ ਇਕ ਪਰਿਵਾਰ ਵਜੋਂ ਕਿਵੇਂ ਵਰਤਣਾ ਹੈ।

ਜੇ ਜੋੜੇ ਵਿੱਚ ਸਿਰਫ ਇਕ ਵਿਅਕਤੀ ਯੋਗ ਹੈ, ਤਾਂ ਰਾਖਵੇਂ ਦਿਨ ਅਜੇ ਵੀ ਲਾਗੂ ਹੋਣਗੇ। ਇਸ ਵਿੱਚ ਕੁਝ ਛੋਟਾਂ ਹਨ। ਉਦਾਹਰਨ ਲਈ ਜੇ ਤੁਸੀਂ ਪਰਿਵਾਰਕ ਜਾਂ ਘਰੇਲੂ ਹਿੰਸਾ ਦਾ ਅਨੁਭਵ ਕਰ ਰਹੇ ਹੋ, ਜੇ ਤੁਹਾਡਾ ਬੱਚਾ ਬਿਮਾਰ ਹੈ ਅਤੇ ਉਸਨੂੰ ਹਸਪਤਾਲ ਵਿੱਚ ਰਹਿਣ ਦੀ ਲੋੜ ਹੈ, ਜਾਂ ਜੇ ਤੁਹਾਡਾ ਸਾਥੀ/ਸਾਥਣ ਜੇਲ੍ਹ ਵਿੱਚ ਹੈ। ਹੋਰ ਵੀ ਕਾਰਨ ਹਨ ਜਿੰਨ੍ਹਾਂ ਕਰਕੇ ਤੁਹਾਨੂੰ ਇਸ ਨਿਯਮ ਤੋਂ ਛੋਟ ਮਿਲ ਸਕਦੀ ਹੈ, ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਕੋਲ ਕੋਈ ਅਜਿਹਾ ਕਾਰਨ ਹੈ ਉਸ ਬਾਰੇ ਤੁਸੀਂ ਵਿਚਾਰ ਵਟਾਂਦਰੇ ਲਈ ਸਾਨੂੰ ਫ਼ੋਨ ਕਰ ਸਕਦੇ ਹੋ।

ਜੇ ਤੁਹਾਡਾ ਕੋਈ ਸਾਥੀ/ਸਾਥਣ ਹੈ, ਅਤੇ ਤੁਸੀਂ ਦੋਵੇਂ ਯੋਗ ਹੋ, ਤਾਂ ਤੁਸੀਂ ਉਨ੍ਹਾਂ ਦੇ ਨਾਲ ਹੀ ਕੁਝ Parental Leave Pay ਦੇ ਦਿਨਾਂ ਨੂੰ ਇਕੱਠੇ ਛੁੱਟੀ ਲੈ ਸਕਦੇ ਹੋ।

ਜੇ ਤੁਹਾਡੇ ਬੱਚੇ ਦਾ ਜਨਮ ਜਾਂ ਗੋਦ ਲੈਣਾ ਇਸ ਤਰੀਕ ਨੂੰ ਹੈ:

- 1 ਜੁਲਾਈ 2025 ਤੋਂ ਪਹਿਲਾਂ ਤੁਸੀਂ ਇੱਕੋ ਸਮੇਂ 10 ਦਿਨਾਂ ਤੱਕ ਛੁੱਟੀ ਲੈ ਸਕਦੇ ਹੋ
- 1 ਜੁਲਾਈ 2025 ਤੋਂ ਤੁਸੀਂ ਇੱਕੋ ਸਮੇਂ 20 ਦਿਨਾਂ ਤੱਕ ਛੁੱਟੀ ਲੈ ਸਕਦੇ ਹੋ।

ਇਨ੍ਹਾਂ ਸੀਮਾਵਾਂ ਵਿੱਚ ਕੁਝ ਛੋਟਾਂ ਹਨ। ਉਦਾਹਰਨ ਲਈ, ਜੇ ਜਨਮ ਦੇਣ ਵਾਲੀ ਮਾਂ ਦਾ ਸਿਜ਼ੇਰੀਅਨ ਔਪਰੇਸ਼ਨ ਹੋਇਆ ਸੀ ਜਾਂ ਤੁਹਾਡੇ ਬੱਚੇ ਨੂੰ ਜਨਮ ਦੇ ਸਮੇਂ ਕੋਈ ਬਿਮਾਰੀ ਹੋ ਗਈ ਸੀ। ਹੋਰ ਵੀ ਕਾਰਨ ਹਨ ਜਿੰਨ੍ਹਾਂ ਕਰਕੇ ਤੁਹਾਨੂੰ ਛੋਟ ਮਿਲ ਸਕਦੀ ਹੈ, ਜੇ ਤੁਸੀਂ ਸੋਚਦੇ ਹੋ ਕਿ ਤੁਹਾਡਾ ਕੋਈ ਕਾਰਨ ਹੈ ਤਾਂ ਤੁਸੀਂ ਵਿਚਾਰ ਵਟਾਂਦਰੇ ਲਈ ਸਾਨੂੰ ਫ਼ੋਨ ਕਰ ਸਕਦੇ ਹੋ।

ਜੇ ਤੁਸੀਂ ਜਨਮ ਦੇਣ ਵਾਲੀ ਮਾਂ ਅਤੇ ਇਕੱਲੇ ਮਾਪੇ ਹੋ, ਤਾਂ ਤੁਸੀਂ ਸਾਰੇ Parental Leave Pay ਦੇ ਦਿਨ ਪ੍ਰਾਪਤ ਕਰ ਸਕਦੇ ਹੋ। ਹਾਲਾਂਕਿ, ਜੇ ਤੁਸੀਂ ਚੁਣਦੇ ਹੋ, ਤਾਂ ਤੁਸੀਂ ਕਿਸੇ ਹੋਰ ਮਾਪੇ ਨਾਲ ਦਿਨ ਸਾਂਝੇ ਕਰਨ ਦੀ ਮਨਜ਼ੂਰੀ ਦੇ ਸਕਦੇ ਹੋ।

## ਤੁਸੀਂ ਕਦੋਂ Parental Leave Pay ਪ੍ਰਾਪਤ ਕਰ ਸਕਦੇ ਹੋ

ਤੁਸੀਂ ਸਿਰਫ ਉਨ੍ਹਾਂ ਦਿਨਾਂ ਲਈ Parental Leave Pay ਪ੍ਰਾਪਤ ਕਰ ਸਕਦੇ ਹੋ ਜਿੰਨ੍ਹਾਂ ਦਿਨਾਂ ਵਿੱਚ ਤੁਸੀਂ:

- ਉਸ ਬੱਚੇ ਦੀ ਦੇਖਭਾਲ ਕਰ ਰਹੇ ਹੋ
- ਤੁਸੀਂ ਛੁੱਟੀ 'ਤੇ ਹੋ ਜਾਂ ਕੰਮ ਨਹੀਂ ਕਰ ਰਹੇ ਹੋ
- ਨਿਵਾਸ ਦੇ ਨਿਯਮਾਂ ਨੂੰ ਪੂਰਾ ਕਰਦੇ ਹੋ।

ਤੁਸੀਂ ਹੇਠ ਲਿਖਿਆਂ ਵਿੱਚੋਂ ਕਿਸੇ ਵੀ ਰੂਪ ਵਿੱਚ ਆਪਣੀ Parental Leave Pay ਪ੍ਰਾਪਤ ਕਰ ਸਕਦੇ ਹੋ:

- ਸਾਰੇ ਦਿਨ ਇੱਕੋ ਵਾਰੀ ਵਿੱਚ
- ਦਿਨਾਂ ਨੂੰ ਥੋੜ੍ਹੇ-ਥੋੜ੍ਹੇ ਕਰ ਕੇ ਲੈਣਾ
- ਇਕੱਲੇ-ਇਕੱਲੇ ਦਿਨ
- ਦਿਨਾਂ ਨੂੰ ਥੋੜ੍ਹੇ-ਥੋੜ੍ਹੇ ਕਰ ਕੇ ਅਤੇ ਇਕੱਲੇ-ਇਕੱਲੇ ਦਿਨਾਂ ਦਾ ਸੁਮੇਲ

ਜੇ ਤੁਹਾਡਾ ਬੱਚਾ ਮਰਿਆ ਹੋਇਆ ਪੈਦਾ ਹੋਇਆ ਸੀ ਜਾਂ ਮਰ ਗਿਆ ਹੈ ਤਾਂ ਤੁਸੀਂ ਅਜੇ ਵੀ Parental Leave Pay ਪ੍ਰਾਪਤ ਕਰ ਸਕਦੇ ਹੋ।

Parental Leave Pay ਟੈਕਸਯੋਗ ਹੈ। ਅਸੀਂ Parental Leave Pay ਨੂੰ ਵੀ ਆਮਦਨ ਟੈਸਟ ਵਿੱਚ ਗਿਣਦੇ ਹਾਂ ਜੇਕਰ ਤੁਸੀਂ ਕੋਈ ਆਮਦਨ ਸਹਾਇਤਾ ਭੁਗਤਾਨ ਪ੍ਰਾਪਤ ਕਰਦੇ ਹੋ, ਜਿਵੇਂ ਕਿ Parenting Payment। ਇਸ ਦਾ ਮਤਲਬ ਇਹ ਹੈ ਕਿ ਜੇ ਤੁਸੀਂ Parental Leave Pay ਪ੍ਰਾਪਤ ਕਰਦੇ ਹੋ ਤਾਂ ਤੁਹਾਡੀ ਆਮਦਨ ਸਹਾਇਤਾ ਦਾ ਭੁਗਤਾਨ ਘੱਟ ਜਾਂ ਬੰਦ ਹੋ ਸਕਦਾ ਹੈ।

## ਤੁਸੀਂ Parental Leave Pay ਕਿਵੇਂ ਪ੍ਰਾਪਤ ਕਰੋਗੇ

ਤੁਹਾਡੀ Parental Leave Pay ਦਾ ਭੁਗਤਾਨ ਜਾਂ ਤਾਂ ਤੁਹਾਡੇ ਰੁਜ਼ਗਾਰਦਾਤੇ ਜਾਂ ਸਾਡੇ ਦੁਆਰਾ ਕੀਤਾ ਜਾਵੇਗਾ, ਜੋ ਤੁਹਾਡੇ ਹਾਲਾਤਾਂ 'ਤੇ ਨਿਰਭਰ ਕਰਦਾ ਹੈ।

ਜੇ ਤੁਹਾਡਾ ਰੁਜ਼ਗਾਰਦਾਤਾ ਤੁਹਾਨੂੰ ਭੁਗਤਾਨ ਕਰਦਾ ਹੈ, ਤਾਂ ਤੁਸੀਂ ਆਪਣੀ ਤਨਖ਼ਾਹ ਆਪਣੇ ਰਵਾਇਤੀ ਤਨਖ਼ਾਹ ਦੇ ਸਮੇਂ ਵਿੱਚ ਪ੍ਰਾਪਤ ਕਰੋਗੇ। ਅਸੀਂ ਇਸ ਬਾਰੇ ਤੁਹਾਡੇ ਰੁਜ਼ਗਾਰਦਾਤੇ ਨਾਲ ਮਿਲ ਕੇ ਕੰਮ ਕਰਾਂਗੇ।

ਜੇ ਤੁਸੀਂ ਆਪਣੇ ਰੁਜ਼ਗਾਰਦਾਤੇ ਕੋਲੋਂ ਆਪਣੀ Parental Leave Pay ਨਹੀਂ ਲੈਂਦੇ, ਜਾਂ ਜੇ ਤੁਸੀਂ ਸਵੈ-ਰੁਜ਼ਗਾਰੀ ਹੋ, ਤਾਂ ਅਸੀਂ ਤੁਹਾਨੂੰ ਹਰ ਪੰਦਰਵਾੜੇ ਸਿੱਧਾ ਭੁਗਤਾਨ ਕਰਾਂਗੇ।

## Parental Leave Pay ਲਈ ਕੰਮ ਦਾ ਟੈਸਟ

Parental Leave Pay ਪ੍ਰਾਪਤ ਕਰਨ ਲਈ ਤੁਹਾਨੂੰ ਕੰਮ ਦੇ ਟੈਸਟ ਨੂੰ ਪੂਰਾ ਕਰਨ ਦੀ ਲੋੜ ਹੈ।

ਤੁਸੀਂ ਆਪਣੇ ਬੱਚੇ ਦੇ ਜਨਮ ਜਾਂ ਗੋਦ ਲੈਣ ਤੋਂ ਪਹਿਲਾਂ 13 ਮਹੀਨਿਆਂ ਵਿੱਚੋਂ 10 ਮਹੀਨਿਆਂ ਵਿੱਚ ਘੱਟੋ ਘੱਟ 330 ਘੰਟੇ ਕੰਮ ਕੀਤਾ ਹੋਣਾ ਚਾਹੀਦਾ ਹੈ।

ਕਿਰਪਾ ਕਰਕੇ ਨੋਟ ਕਰੋ ਕਿ 330 ਘੰਟੇ ਹਫ਼ਤੇ ਵਿੱਚ ਲਗਭਗ 1 ਦਿਨ ਬਣਦਾ ਹੈ, ਅਸੀਂ 10 ਮਹੀਨਿਆਂ ਨੂੰ 295 ਦਿਨ ਅਤੇ 13 ਮਹੀਨਿਆਂ ਨੂੰ 392 ਦਿਨ ਗਿਣਦੇ ਹਾਂ। ਤੁਹਾਡੇ ਕੋਲ ਹਰੇਕ ਕੰਮ ਦੇ ਦਿਨ ਦੇ ਵਿਚਕਾਰ 12 ਹਫ਼ਤਿਆਂ ਤੋਂ ਵੱਧ ਦਾ ਅੰਤਰ ਨਹੀਂ ਹੋ ਸਕਦਾ।

ਜੇ ਤੁਸੀਂ ਕੰਮ ਦੇ ਟੈਸਟ ਦੀ ਪੂਰਤੀ ਨਹੀਂ ਕਰਦੇ, ਤਾਂ ਕੁਝ ਵਿਸ਼ੇਸ਼ ਹਾਲਾਤਾਂ ਵਿੱਚ ਅਸੀਂ ਕੰਮ ਦੇ ਵੱਖਰੇ ਟੈਸਟ ਨੂੰ ਮਨਜ਼ੂਰ ਕਰ ਸਕਦੇ ਹਾਂ।

ਕੰਮ ਦੇ ਟੈਸਟ ਵਿੱਚ ਕੁਝ ਛੋਟਾਂ ਵੀ ਹਨ:

- ਸਮੇਂ ਤੋਂ ਪਹਿਲਾਂ ਜਨਮ
- ਗਰਭ ਅਵਸਥਾ ਨਾਲ ਸਬੰਧਿਤ ਬਿਮਾਰੀ ਅਤੇ ਉਲਝਣਾਂ (ਜਨਮ ਦੇਣ ਵਾਲੀਆਂ ਮਾਵਾਂ ਸਿਰਫ਼ Parental Leave Pay ਦਾ ਦਾਅਵਾ ਕਰਦੀਆਂ ਹਨ)
- ਖ਼ਤਰਨਾਕ ਨੌਕਰੀ ਦੀ ਵਿਵਸਥਾ (ਜਨਮ ਦੇਣ ਵਾਲੀਆਂ ਮਾਵਾਂ ਸਿਰਫ Parental Leave Pay ਦਾ ਦਾਅਵਾ ਕਰਦੀਆਂ ਹਨ)।

ਖ਼ਤਰਨਾਕ ਨੌਕਰੀਆਂ ਦੀ ਵਿਵਸਥਾ ਲਾਗੂ ਹੋਵੇਗੀ ਜੇ ਤੁਹਾਨੂੰ ਕੰਮ ਬੰਦ ਕਰਨਾ ਪਿਆ ਕਿਉਂਕਿ ਤੁਹਾਡੀ ਗਰਭਅਵਸਥਾ ਲਈ ਖ਼ਤਰਾ ਸੀ। Parental Leave Pay ਪ੍ਰਾਪਤ ਕਰਨ ਲਈ ਤੁਹਾਨੂੰ ਅਜੇ ਵੀ ਕੰਮ ਦੇ ਟੈਸਟ ਨੂੰ ਪੂਰਾ ਕਰਨ ਦੀ ਲੋੜ ਪਵੇਗੀ।

## Parental Leave Pay ਦਾ ਦਾਅਵਾ ਕਿਵੇਂ ਅਤੇ ਕਦੋਂ ਕਰਨਾ ਹੈ

1. Customer Reference Number (CRN) ਪ੍ਰਾਪਤ ਕਰੋ।

CRN ਪ੍ਰਾਪਤ ਕਰਨ ਲਈ ਤੁਹਾਨੂੰ ਆਪਣੀ ਪਛਾਣ ਸਾਬਤ ਕਰਨ ਦੀ ਲੋੜ ਪਵੇਗੀ। ਤੁਸੀਂ ਅਜਿਹਾ ਜਾਂ ਤਾਂ ਔਨਲਾਈਨ ਜਾਂ ਫ਼ੋਨ 'ਤੇ ਕਰ ਸਕਦੇ ਹੋ। ਜੇ ਤੁਹਾਡੇ ਕੋਲ ਪਹਿਲਾਂ ਹੀ CRN ਹੈ, ਤਾਂ ਇਸਦੀ ਵਰਤੋਂ ਆਪਣੇ Centrelink ਔਨਲਾਈਨ ਖਾਤੇ ਨੂੰ ਆਪਣੇ myGov ਖਾਤੇ ਨਾਲ ਲਿੰਕ ਕਰਨ ਲਈ ਕਰੋ।

2. myGov ਰਾਹੀਂ ਆਪਣੇ Centrelink ਔਨਲਾਈਨ ਖਾਤੇ ਦੀ ਵਰਤੋਂ ਕਰਕੇ ਦਾਅਵਾ ਕਰੋ।

ਤੁਸੀਂ ਆਪਣੇ ਬੱਚੇ ਦੇ ਜਨਮ ਜਾਂ ਗੋਦ ਲਏ ਜਾਣ ਦੀ ਉਮੀਦ ਕੀਤੇ ਜਾਣ ਤੋਂ 3 ਮਹੀਨੇ ਪਹਿਲਾਂ ਤੱਕ ਅਜਿਹਾ ਕਰ ਸਕਦੇ ਹੋ।

ਜੇ ਤੁਸੀਂ ਜਨਮ ਦੇਣ ਵਾਲੀ ਮਾਂ ਜਾਂ ਪਹਿਲੇ ਗੋਦ ਲੈਣ ਵਾਲੇ ਮਾਪੇ ਹੋ, ਤਾਂ ਤੁਸੀਂ ਆਪਣੀ ਕੁਝ ਜਾਂ ਸਾਰੀ Parental Leave Pay ਨੂੰ ਕਿਸੇ ਹੋਰ ਮਾਪੇ ਨਾਲ ਸਾਂਝਾ ਕਰਨ ਦੀ ਚੋਣ ਕਰ ਸਕਦੇ ਹੋ।

ਜੇ ਦੂਜੇ ਮਾਪੇ ਨੂੰ Parental Leave Pay ਦੇ ਦਿਨਾਂ ਨੂੰ ਸਾਂਝਾ ਕਰਨ ਦੀ ਮਨਜ਼ੂਰੀ ਦੇਣ ਦੀ ਲੋੜ ਹੈ, ਤਾਂ ਉਹ ਇਹ ਔਨਲਾਈਨ ਕਰ ਸਕਦੇ ਹਨ। ਉਹਨਾਂ ਨੂੰ myGov ਰਾਹੀਂ ਆਪਣੇ Centrelink ਔਨਲਾਈਨ ਖਾਤੇ ਵਿੱਚ ਲੌਗਇਨ ਕਰਨ ਅਤੇ ਸਾਂਝਾ ਕਰਨ ਲਈ ਤੁਹਾਡੀ ਬੇਨਤੀ ਦੀ ਸਮੀਖਿਆ ਕਰਨ ਦੀ ਲੋੜ ਹੋਵੇਗੀ। ਇਸ ਤੋਂ ਪਹਿਲਾਂ ਕਿ ਤੁਸੀਂ ਆਪਣਾ ਦਾਅਵਾ ਜਮ੍ਹਾਂ ਕਰ ਸਕੋ, ਉਹਨਾਂ ਨੂੰ ਇਹ ਕਰਨਾ ਲਾਜ਼ਮੀ ਹੈ।

myGov ਬਾਰੇ ਅੰਗਰੇਜ਼ੀ ਵਿੱਚ ਵਧੇਰੇ ਜਾਣਕਾਰੀ ਵਾਸਤੇ, **my.gov.au** 'ਤੇ ਜਾਓ।

3. ਸਾਨੂੰ ਉਸ ਤਰੀਕ ਦਾ ਸਬੂਤ ਦਿਓ ਜਿਸ ਦਿਨ ਤੁਹਾਡੇ ਬੱਚੇ ਦਾ ਜਨਮ ਹੋਇਆ ਸੀ ਜਾਂ ਉਸ ਨੂੰ ਗੋਦ ਲਿਆ ਗਿਆ ਸੀ।

ਤੁਹਾਡੇ ਬੱਚੇ ਦੇ ਜਨਮ ਤੋਂ ਬਾਅਦ ਤੁਹਾਨੂੰ ਆਪਣੇ ਹਸਪਤਾਲ ਜਾਂ ਦਾਈ ਕੋਲੋਂ Newborn Child Declaration ਫ਼ਾਰਮ ਮਿਲੇਗਾ। ਤੁਸੀਂ ਇਸ ਫ਼ਾਰਮ ਨੂੰ ਔਨਲਾਈਨ ਅੱਪਲੋਡ ਕਰ ਸਕਦੇ ਹੋ।

ਤੁਹਾਨੂੰ ਆਪਣੇ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ Births, Deaths and Marriages Registry ਨਾਲ ਜਨਮ ਨੂੰ ਰਜਿਸਟਰ ਕਰਨ ਦੀ ਵੀ ਲੋੜ ਪਵੇਗੀ।

Parental Leave Pay ਪ੍ਰਾਪਤ ਕਰਨ ਲਈ, ਘੱਟੋ ਘੱਟ ਇਕ ਮਾਪੇ ਨੂੰ ਬੱਚੇ ਦੇ ਜਨਮ ਜਾਂ ਗੋਦ ਲਏ ਜਾਣ ਦੀ ਤਰੀਕ ਦੇ 52 ਹਫ਼ਤਿਆਂ ਦੇ ਅੰਦਰ ਦਾਅਵਾ ਕਰਨ ਦੀ ਲੋੜ ਹੁੰਦੀ ਹੈ। ਦੂਜੇ ਮਾਪੇ ਕੋਲ ਦਾਅਵਾ ਕਰਨ ਲਈ 2 ਸਾਲ ਹਨ।

ਜਦ ਤੁਸੀਂ ਦਾਅਵਾ ਕਰਦੇ ਹੋ ਤਾਂ ਤੁਹਾਨੂੰ ਸਾਨੂੰ ਇਹ ਦੱਸਣ ਦੀ ਲੋੜ ਪਵੇਗੀ ਕਿ ਤੁਸੀਂ Parental Leave Pay ਦਾ ਘੱਟੋ ਘੱਟ ਇਕ ਦਿਨ ਕਦੋਂ ਪ੍ਰਾਪਤ ਕਰਨਾ ਚਾਹੁੰਦੇ ਹੋ। ਜੇ ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਤੁਸੀਂ ਕਦੋਂ ਆਰਾਮ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਇਸ ਨੂੰ ਆਪਣੇ ਬਕਾਏ ਵਿੱਚ ਛੱਡ ਸਕਦੇ ਹੋ। ਫਿਰ ਤੁਸੀਂ ਇਸ ਨੂੰ ਕਿਸੇ ਹੋਰ ਮਾਪੇ ਨਾਲ ਸਾਂਝਾ ਕਰ ਸਕਦੇ ਹੋ ਜਾਂ ਬਾਅਦ ਵਿੱਚ ਇਸ ਦੀ ਵਰਤੋਂ ਕਰ ਸਕਦੇ ਹੋ। ਤੁਹਾਡੇ ਬੱਚੇ ਦੇ ਜਨਮ ਜਾਂ ਗੋਦ ਲਏ ਜਾਣ ਦੀ ਤਰੀਕ ਤੋਂ 2 ਸਾਲਾਂ ਦੇ ਅੰਦਰ ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਸਾਰੀ Parental Leave Pay ਦੀ ਵਰਤੋਂ ਕਰਨੀ ਚਾਹੀਦੀ ਹੈ।

# ਹੋਰ ਹੱਕ

ਜੇ ਤੁਸੀਂ Parental Leave Pay ਪ੍ਰਾਪਤ ਨਹੀਂ ਕਰ ਸਕਦੇ, ਤਾਂ ਤੁਹਾਨੂੰ Newborn Upfront Payment ਅਤੇ Newborn Supplement ਮਿਲ ਸਕਦਾ ਹੈ। ਜੇ ਤੁਸੀਂ Family Tax Benefit Part A ਪ੍ਰਾਪਤ ਕਰ ਰਹੇ ਹੋ ਤਾਂ ਤੁਸੀਂ ਇਹ ਭੁਗਤਾਨ ਪ੍ਰਾਪਤ ਕਰ ਸਕਦੇ ਹੋ। ਅੰਗਰੇਜ਼ੀ ਵਿੱਚ ਵਧੇਰੇ ਜਾਣਕਾਰੀ ਵਾਸਤੇ, **servicesaustralia.gov.au/newbornsupplement** 'ਤੇ ਜਾਓ।

ਜੇ ਤੁਸੀਂ Parental Leave Pay ਪ੍ਰਾਪਤ ਨਹੀਂ ਕਰ ਸਕਦੇ ਅਤੇ ਤੁਹਾਡਾ ਬੱਚਾ ਮਰਿਆ ਪੈਦਾ ਹੋਇਆ ਹੈ, ਤਾਂ ਤੁਹਾਨੂੰ Stillborn Baby Payment ਮਿਲ ਸਕਦੀ ਹੈ। ਅੰਗਰੇਜ਼ੀ ਵਿੱਚ ਹੋਰ ਜਾਣਕਾਰੀ ਲਈ, **servicesaustralia.gov.au/stillbornpayment** 'ਤੇ ਜਾਓ।

Parental Leave Pay ਤੁਹਾਡੇ ਕੰਮ ਵਾਲੀ ਜਗ੍ਹਾ ਵਿੱਚ ਛੁੱਟੀ ਦੇ ਕਿਸੇ ਵੀ ਹੱਕ ਨੂੰ ਨਹੀਂ ਬਦਲੇਗੀ।

ਛੁੱਟੀ ਦਾ ਬੰਦੋਬਸਤ ਕਰਨ ਲਈ, ਤੁਹਾਨੂੰ ਆਪਣੇ ਰੁਜ਼ਗਾਰਦਾਤੇ ਦੇ ਨਾਲ ਗੱਲ ਕਰਨ ਦੀ ਲੋੜ ਪਵੇਗੀ। ਤੁਹਾਨੂੰ ਛੁੱਟੀ ਲੈਣ ਦਾ ਇਰਾਦਾ ਰੱਖਣ ਤੋਂ ਘੱਟੋ ਘੱਟ 10 ਹਫ਼ਤੇ ਪਹਿਲਾਂ ਅਜਿਹਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਹੋ ਸਕਦਾ ਹੈ ਤੁਸੀਂ ਆਪਣੇ ਰੁਜ਼ਗਾਰਦਾਤੇ ਕੋਲੋਂ ਬਿਨਾਂ ਤਨਖ਼ਾਹ ਵਾਲੀ ਮਾਪਿਆਂ ਦੀ ਛੁੱਟੀ ਪ੍ਰਾਪਤ ਕਰਨ ਦੇ ਯੋਗ ਹੋਵੋ। ਇਹ ਉਦੋਂ ਹੈ ਜੇ ਤੁਸੀਂ ਆਪਣੇ ਰੁਜ਼ਗਾਰਦਾਤੇ ਲਈ 12 ਮਹੀਨੇ ਜਾਂ ਇਸ ਤੋਂ ਵੱਧ ਸਮੇਂ ਲਈ ਲਗਾਤਾਰ ਕੰਮ ਕੀਤਾ ਹੈ।

ਆਪਣੀ ਕੰਮ ਦੀ ਜਗ੍ਹਾ ਵਿੱਚ ਛੁੱਟੀ ਦੀਆਂ ਹੱਕਦਾਰੀਆਂ ਬਾਰੇ ਅੰਗਰੇਜ਼ੀ ਵਿੱਚ ਵਧੇਰੇ ਜਾਣਨ ਲਈ:

- **fairwork.gov.au** 'ਤੇ ਜਾਓ।
- **131 394** 'ਤੇ Fair Work Ombudsman ਨੂੰ ਫ਼ੋਨ ਕਰੋ।
- **supportingworkingparents.humanrights.gov.au** 'ਤੇ ਜਾਓ।

# ਵਧੇਰੇ ਜਾਣਕਾਰੀ ਲਈ

- ਅੰਗਰੇਜ਼ੀ ਵਿੱਚ ਵਧੇਰੇ ਜਾਣਕਾਰੀ ਵਾਸਤੇ **servicesaustralia.gov.au/parentalleavepay** 'ਤੇ ਜਾਓ।
- **servicesaustralia.gov.au/yourlanguage** 'ਤੇ ਜਾਓ ਜਿੱਥੇ ਤੁਸੀਂ ਆਪਣੀ ਭਾਸ਼ਾ ਵਿੱਚ ਪੜ੍ਹ ਸਕਦੇ ਹੋ, ਸੁਣ ਸਕਦੇ ਹੋ ਜਾਂ ਵੀਡੀਓ ਦੇਖ ਸਕਦੇ ਹੋ।
- Centrelink ਦੇ ਭੁਗਤਾਨਾਂ ਅਤੇ ਸੇਵਾਵਾਂ ਬਾਰੇ ਆਪਣੀ ਭਾਸ਼ਾ ਵਿੱਚ ਸਾਡੇ ਨਾਲ ਗੱਲ ਕਰਨ ਲਈ **131 202** ਨੂੰ ਫ਼ੋਨ ਕਰੋ।
- Medicare ਵਾਸਤੇ **132 011** ਅਤੇ Child Support ਵਾਸਤੇ **131 272** ਨੂੰ ਫ਼ੋਨ ਕਰੋ। ਸਾਨੂੰ ਦੱਸੋ ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਅਤੇ ਅਸੀਂ ਇਸ ਦਾ ਮੁਫ਼ਤ ਵਿੱਚ ਪ੍ਰਬੰਧ ਕਰਾਂਗੇ।
- ਸੇਵਾ ਕੇਂਦਰ ਵਿਖੇ ਜਾਓ।

ਨੋਟ: ਤੁਹਾਡੇ ਘਰ ਵਾਲੇ ਫ਼ੋਨ ਤੋਂ ਆਸਟ੍ਰੇਲੀਆ ਵਿੱਚ ਕਿਤੇ ਵੀ '13' ਨੰਬਰਾਂ ਤੱਕ ਕੀਤੀਆਂ ਕਾਲਾਂ ਵਾਸਤੇ ਇਕ ਨਿਸ਼ਚਿਤ ਦਰ ਉੱਤੇ ਲਾਗਤ ਲਈ ਜਾਂਦੀ ਹੈ। ਇਹ ਦਰ ਕਿਸੇ ਸਥਾਨਕ ਕਾਲ ਦੀ ਕੀਮਤ ਨਾਲੋਂ ਵੱਖਰੀ ਹੋ ਸਕਦੀ ਹੈ ਅਤੇ ਟੈਲੀਫ਼ੋਨ ਸੇਵਾ ਪ੍ਰਦਾਤਿਆਂ ਦੇ ਵਿਚਕਾਰ ਵੀ ਵੱਖ-ਵੱਖ ਹੋ ਸਕਦੀ ਹੈ। ਤੁਹਾਡੇ ਘਰ ਦੇ ਫ਼ੋਨ ਤੋਂ '1800' ਨੰਬਰਾਂ ਨੂੰ ਕੀਤੀਆਂ ਕਾਲਾਂ ਮੁਫ਼ਤ ਹਨ। ਜਨਤਕ ਅਤੇ ਮੋਬਾਈਲ ਫੋਨਾਂ ਤੋਂ ਕੀਤੀਆਂ ਕਾਲਾਂ ਦਾ ਸਮਾਂ ਮਾਪਿਆ ਜਾ ਸਕਦਾ ਹੈ ਅਤੇ ਉੱਚੀ ਦਰ 'ਤੇ ਫ਼ੀਸ ਲਈ ਜਾ ਸਕਦੀ ਹੈ।

## ਬੇਦਾਅਵਾ

ਇਸ ਪ੍ਰਕਾਸ਼ਨਾ ਵਿਚਲੀ ਜਾਣਕਾਰੀ ਕੇਵਲ ਭੁਗਤਾਨਾਂ ਅਤੇ ਸੇਵਾਵਾਂ ਵਾਸਤੇ ਇਕ ਗਾਈਡ ਵਜੋਂ ਹੈ। ਕੀ ਤੁਸੀਂ ਕਿਸੇ ਭੁਗਤਾਨ ਵਾਸਤੇ ਅਰਜ਼ੀ ਦੇਣ ਦੀ ਇੱਛਾ ਕਰਦੇ ਹੋ ਜਾਂ ਨਹੀਂ ਅਤੇ ਤੁਹਾਡੇ ਵਿਸ਼ੇਸ਼ ਹਾਲਾਤਾਂ ਦੇ ਸਬੰਧ ਵਿੱਚ ਕੋਈ ਅਰਜ਼ੀ ਦੇਣਾ, ਇਹ ਫੈਸਲਾ ਕਰਨਾ ਤੁਹਾਡੀ ਜਿੰਮੇਵਾਰੀ ਹੈ।

# Support for parents to care for a newborn or recently adopted child

We can help if you are taking time off work to care for a newborn or recently adopted child.

## What you can get

Parental Leave Pay is a shared payment between parents that can help if you are taking time off work to care for a newborn or recently adopted child. You can choose to share and take your Parental Leave Pay in a way that works for you and your family.

Dad and Partner Pay was a payment for people with children born or adopted before 1 July 2023. It is no longer available. You can claim Parental Leave Pay instead.

Most people can claim up to 3 months before their baby's expected date of birth or adoption. We won't pay you until after your child is born or comes into your care.

## Who can get Parental Leave Pay

To get Parental Leave Pay, you must be caring for your newborn or adopted child and be one of the following:

- the birth mother of the newborn child
- the partner of the birth mother
- the biological father of the child
- the partner of the biological father of the child
- the adoptive parent of the child
- the partner of an adoptive parent
- a person caring for a child under exceptional circumstances, including caring for a child born of a surrogacy arrangement.

You also need to meet all of the following:

- an income test
- a work test
- residence rules.

If you have a newborn, you must have registered or applied to register their birth with your state or territory birth registry.

## How much Parental Leave Pay you can get

How many Parental Leave Pay days your family will get depends on your child's date of birth or adoption.

To get the full number of Parental Leave Pay days, both parents need to claim and be eligible

| Child's date of birth or adoption is from | Your family can get up to |
|---|---|
| 1 July 2023 | 100 days, or 20 weeks based on a 5 day work week |
| 1 July 2024 | 110 days, or 22 weeks based on a 5 day work week |
| 1 July 2025 | 120 days, or 24 weeks based on a 5 day work week |
| 1 July 2026 | 130 days, or 26 weeks based on a 5 day work week |

You can share some or all of your Parental Leave Pay with another parent, as long as you're both eligible.

If you have a partner, some days will be reserved for each of you to use. How many days you have reserved depends on your child's date of birth or adoption.

| Child's date of birth or adoption is from | The number of days reserved for each of you is |
|---|---|
| 1 July 2023 | 10 days |
| 1 July 2024 | 10 days |
| 1 July 2025 | 15 days |
| 1 July 2026 | 20 days |

You will need to decide how to use the rest of the days as a family.

If only one person in the couple is eligible, the reserved days will still apply. There are some exemptions to this. For example if you are experiencing family or domestic violence, if your child is unwell and needs to remain in hospital, or if your partner is in prison. There are other reasons you may have an exemption to this rule, if you think you have one you can call us to discuss.

If you have a partner, and you're both eligible, you can take some Parental Leave Pay days at the same time as them.

If your child's birth or adoption is:

- before 1 July 2025 you can take up to 10 days at the same time
- from 1 July 2025 you can take up to 20 days at the same time.

There are some exemptions to these limits. For example if the birth mother had a caesarean or your child developed an illness at birth. There are other reasons you may have an exemption, if you think you have one you can call us to discuss.

If you are the birth mother and a single parent, you can get all Parental Leave Pay days. However, if you choose, you can give approval to share days with another parent.

## When you can get Parental Leave Pay

You can only get Parental Leave Pay on days that you:

- are caring for that child
- are on leave or not working
- meet residence rules.

You can get your Parental Leave Pay as any of the following:

- a single block of days
- multiple smaller blocks of days
- single days

- a combination of smaller blocks and single days.

You can still get Parental Leave Pay if your child was stillborn or has died.

Parental Leave Pay is taxable. We also count Parental Leave Pay in the income test if you get an income support payment, such as Parenting Payment. This means if you get Parental Leave Pay your income support payment may reduce or stop.

## How you will get Parental Leave Pay

Your Parental Leave Pay will be paid either by your employer or us, depending on your circumstances.

If your employer pays you, you will get your pay in your usual pay cycle. We will work this out with your employer.

If you do not get your Parental Leave Pay from your employer, or if you are self-employed, we will pay you directly every fortnight.

## Work test for Parental Leave Pay

To get Parental Leave Pay you need to meet the work test.

You must have worked for at least 330 hours in 10 of the 13 months before the birth or adoption of your child.

Please note that 330 hours is around 1 day a week, we count 10 months as 295 days and 13 months as 392 days. You cannot have more than a 12 week gap between each work day.

If you do not meet the work test, in some special circumstances we may approve a different work test.

There are also some exceptions to the work test:

- premature birth
- pregnancy related illness and complications (birth mothers claiming Parental Leave Pay only)
- dangerous job provision (birth mothers claiming Parental Leave Pay only).

The dangerous jobs provision will apply if you had to stop work because there was a risk to your pregnancy. You will still need to meet the work test to get Parental Leave Pay.

## How and when to claim Parental Leave Pay

1. Get a Customer Reference Number (CRN).

You will need to prove your identity to get a CRN. You can do this either online or over the phone. If you already have a CRN, use it to link your Centrelink online account to your myGov account.

2. Claim using your Centrelink online account through myGov.

You can do this up to 3 months before your child is expected to be born or adopted.

If you're the birth mother or first adoptive parent, you can choose to share some or all of your Parental Leave Pay with another parent.

If the other parent needs to approve sharing Parental Leave Pay days, they can do this online. They'll need to log into their Centrelink online account through myGov and review your request to share. They must do this before you can submit your claim.

For more information in English about myGov, go to **my.gov.au**

3. Give us proof of the date your child was born or adopted.

After the birth of your child you will get a Newborn Child Declaration form from your hospital or midwife. You can upload this form online.

You will also need to register the birth with the Births, Deaths and Marriages Registry in your state or territory.

To get Parental Leave Pay, at least one parent needs to claim within 52 weeks of the date the child was born or adopted. The other parent has 2 years to claim.

When you claim you will need to tell us when you want to get at least one day of Parental Leave Pay. If you are not sure when you want to take the rest, you can leave it in your balance. You can then share it with another parent or use it later. You must use all of your Parental Leave Pay within 2 years of the date your child was born or adopted.

## Other entitlements

If you cannot get Parental Leave Pay, you may get Newborn Upfront Payment and Newborn Supplement. You may get these payments if you are getting Family Tax Benefit Part A. For more information in English, go to **servicesaustralia.gov.au/newbornsupplement**

If you cannot get Parental Leave Pay and your child is stillborn, you may get Stillborn Baby Payment. For more information in English, go to **servicesaustralia.gov.au/stillbornpayment**

Parental Leave Pay will not change any of your workplace leave entitlements.

To arrange leave, you will need to talk to your employer. You should try to do this at least 10 weeks before you intend to take leave.

You may be able to get unpaid parental leave from your employer. This is if you have worked continuously for your employer for 12 months or more.

To learn more about your workplace leave entitlements in English:

- go to **fairwork.gov.au**
- call the Fair Work Ombudsman on **131 394**
- go to **supportingworkingparents.humanrights.gov.au**

## For more information

- Go to **servicesaustralia.gov.au/parentalleavepay** for more information in English.
- Go to **servicesaustralia.gov.au/yourlanguage** where you can read, listen to or watch videos in your language.
- Call **131 202** to speak with us in your language about Centrelink payments and services.
- Call **132 011** for Medicare and **131 272** for Child Support. Let us know if you need an interpreter, and we will arrange one for free.
- Visit a service centre.

Note: calls from your home phone to ‘13’ numbers from anywhere in Australia are charged at a fixed rate. That rate may vary from the price of a local call and may also vary between telephone service providers. Calls to ‘1800’ numbers from your home phone are free. Calls from public and mobile phones may be timed and charged at a higher rate.

## Disclaimer

The information contained in this publication is intended only as a guide to payments and services. It's your responsibility to decide if you wish to apply for a payment and to make an application with regard to your particular circumstances.